[This question paper contains 2 printed pages.]

**Your Roll No................**

**Sr. No. of Question Paper : 5427** **H**

Unique Paper Code : 2121001002

Name of the Paper : PUNJABI BHASHA DA UCHERA PADHAR

Name of the Course : **AEC : Punjabi**

Semester : II

Duration : 2 Hours Maximum Marks : 60

**Instructions for Candidates**

1. Write your Roll No. on the top immediately on receipt of this question paper.

**ਨੋਟ : ਸਾਰੇ ਭਾਗ ਕਰਨੇ ਜ਼ਰੂਰੀ ਹਨ।**

**ਭਾਗ ਪਹਿਲਾ**

1. ਕਿਰਿਆ ਵਿਸ਼ੇਸ਼ਣ ਤੋਂ ਤੁਸੀਂ ਕੀ ਸਮਝਦੇ ਹੋ? ਇਸ ਦੇ **ਕੋਈ ਤਿੰਨ** ਭੇਦਾਂ ਬਾਰੇ ਜਾਣਕਾਰੀ ਦਿਓ। 10

ਜਾਂ

ਪੜਨਾਂਵ ਨੂੰ ਪਰਿਭਾਸ਼ਤ ਕਰਦਿਆਂ ਇਸ ਦੀਆਂ **ਕੋਈ ਦੋ** ਕਿਸਮਾਂ ਨੂੰ ਉਦਾਹਰਨਾਂ ਸਹਿਤ ਸਪਸ਼ਟ ਕਰੋ।

2. ਇਕੱਠ ਵਾਚਕ ਨਾਂਵ **ਜਾਂ** ਵਸਤੂ ਵਾਚਕ ਨਾਂਵ ਨੂੰ ਪਰਿਭਾਸ਼ਤ ਕਰੋ ਅਤੇ ਉਸ ਦੀਆਂ ਉਦਾਹਰਨ ਦਿੰਦੇ ਹੋਏ **ਤਿੰਨ** ਵਾਕ ਵੀ ਲਿਖੋ। 05

**ਭਾਗ ਦੂਜਾ**

3. ਸਮਾਸੀ ਸ਼ਬਦ ਨੂੰ ਪਰਿਭਾਸ਼ਤ ਕਰਦਿਆਂ, ਇਨ੍ਹਾਂ ਸ਼ਬਦਾਂ ਦੀ ਬਣਤਰ ਪ੍ਰਕਿਰਿਆ ਨੂੰ ਉਦਾਹਰਨਾਂ ਸਹਿਤ ਲਿਖੋ। 10

ਜਾਂ

ਤਤਸਮ ਸ਼ਬਦ ਕਿਹੜੇ ਹੁੰਦੇ ਹਨ? ਇਨ੍ਹਾਂ ਨੂੰ ਪਰਿਭਾਸ਼ਤ ਕਰਦਿਆਂ ਫ਼ਾਰਸੀ ਭਾਸ਼ਾ ਨਾਲ ਸੰਬੰਧਤ **ਕੋਈ ਸੱਤ** ਤਤਸਮ ਸ਼ਬਦ ਲਿਖੋ।

4. ਕੋਸ਼ੀ ਸ਼ਬਦ ਅਤੇ ਵਿਆਕਰਨਕ ਸ਼ਬਦਾਂ ਦੇ **ਪੰਜ-ਪੰਜ** ਸ਼ਬਦ ਲਿਖੋ। 05

### ਭਾਗ ਤੀਜਾ

5. 'ਸ਼ਬਦਾਂ ਦੇ ਪੈਰਾ ਵਿਚ 'ਹ' ਪਾਉਣ ਜਾਂ ਨਾ ਪਾਉਣ ਨਾਲ ਅਰਥਾਂ ਵਿਚ ਅੰਤਰ ਆ ਜਾਂਦਾ ਹੈ?' **ਕੋਈ ਪੰਜ** ਸ਼ਬਦਾਂ ਦੀ ਉਦਾਹਰਨ ਦੇ ਕੇ ਕਥਨ ਦੀ ਪੁਸ਼ਟੀ ਕਰੋ। 10

ਜਾਂ

ੳ, ਅ, ਅਤੇ ੲ ਨਾਲ ਕਿਹੜੀਆਂ ਲਗਾਂ ਲਗਦੀਆਂ ਹਨ? ਉਦਾਹਰਨ ਵੱਜੋਂ **ਇਕ-ਇਕ** ਸ਼ਬਦ ਵੀ ਲਿਖੋ।

6. 'ਯ' ਅਤੇ 'ਵ' ਦੀ ਵਰਤੋਂ ਨੂੰ ਸਪਸ਼ਟ ਕਰਨ ਲਈ ਉਦਾਹਰਨ ਦਿਓ। 05

### ਭਾਗ ਚੌਥਾ

7. ਪੰਜਾਬੀ ਭਾਸ਼ਾ ਦੇ ਵਾਕ ਪ੍ਰਬੰਧ ਬਾਰੇ ਉਦਾਹਰਨਾਂ ਸਹਿਤ ਜਾਣਕਾਰੀ ਦਿਓ। 10

ਜਾਂ

ਅਗਿਆਵਾਚਕ ਵਾਕਾਂ ਦੀ ਪਛਾਣ ਕੀ ਹੁੰਦੀ ਹੈ? ਕੋਈ ਚਾਰ ਸਾਧਾਰਨ ਵਾਕ ਲਿਖ ਕੇ ਉਨ੍ਹਾਂ ਦੇ ਅਗਿਆਵਾਚਕ ਵਾਕ ਬਣਾਓ।

8. ਹੇਠ ਲਿਖੇ **ਕੋਈ ਪੰਜ** ਵਾਕਾਂ ਨੂੰ ਹਿਦਾਇਤ ਅਨੁਸਾਰ ਬਦਲੋ : 05
   i. ਸੱਜੇ ਪਾਸੇ ਨਾ ਚੱਲੋ। (ਸਾਧਾਰਨ ਤੋਂ ਹਾਂ ਵਾਚਕ ਵਾਕ ਵਿਚ)
   ii. ਕਿਸੇ ਨਾਲ ਕੌੜਾ ਨਾ ਬੋਲੋ (ਸਾਧਾਰਨ ਤੋਂ ਹਾਂ ਵਾਚਕ ਵਾਕ ਵਿਚ)
   iii. ਸਿਆਣੇ ਬੱਚੇ ਵੱਡਿਆ ਦਾ ਨਿਰਾਦਰ ਨਹੀਂ ਕਰਦੇ। (ਸਾਧਾਰਨ ਤੋਂ ਹਾਂ ਵਾਚਕ ਵਾਕ ਵਿਚ)
   iv. ਦੋਸਤਾਂ ਨਾਲ ਨਫ਼ਰਤ ਨਹੀਂ ਕਰਨੀ ਚਾਹੀਦੀ। (ਸਾਧਾਰਨ ਤੋਂ ਹਾਂ ਵਾਚਕ ਵਾਕ ਵਿਚ)
   v. ਤੁਸੀਂ ਆਪਣੀ ਉਮਰ ਦੱਸੋ। (ਸਾਧਾਰਨ ਤੋਂ ਪ੍ਰਸ਼ਨ ਵਾਚਕ ਵਾਕ ਵਿਚ)
   vi. ਤੂੰ ਜਾ ਰਿਹਾ ਹੈ। (ਸਾਧਾਰਨ ਤੋਂ ਪ੍ਰਸ਼ਨ ਵਾਚਕ ਵਾਕ ਵਿਚ)
   vii. ਕੋਈ ਵੀ ਮਨੁੱਖ ਗਰੀਬ ਨਹੀਂ ਰਹਿਣਾ ਚਾਹੁੰਦਾ। (ਸਾਧਾਰਨ ਤੋਂ ਪ੍ਰਸ਼ਨ ਵਾਚਕ ਵਾਕ ਵਿਚ)
   viii. ਵੀਰ ਜੀ ਕਿਤਾਬ ਪੜ੍ਹ ਰਹੇ ਹਨ। (ਸਾਧਾਰਨ ਤੋਂ ਪ੍ਰਸ਼ਨ ਵਾਚਕ ਵਾਕ ਵਿਚ)